
# ਅੱਖਰ-ਸਾਂਝ



ਸੁਮਨਦੀਪ ਕੌਰ

ਮਨਪ੍ਰੀਤ ਸਿੱਧੂ

Sri Satguru Jagjit Singh Ji eLibrary NamdhariElibrary@gmail.com

ਮੈਂ ਲਿਖ ਰਿਹਾ ਹਾਂ ਕਵਿਤਾ ਤੇਰੇ ਤੇ

ਸ਼ਾਇਦ ਕਵਿਤਾ ਪੂਰੀ ਹੋਣ ਤੱਕ ਮੈਂ ਬੁੱਢਾ ਹੋ ਜਾਵਾਂਗਾ,

ਮਨਪ੍ਰੀਤ ਸਿੱਧੂ

ਤੂੰ ਹੀ ਮੇਰੀ ਲਿਖਤ ਏਂ , ਤੂੰ ਹੀ ਮੇਰਾ ਮਾਨ ,

ਤੂੰ ਮੇਰਾ ਅੱਲਾ ,ਤੂੰ ਹੀ ਮੇਰਾ ਜਹਾਨ ,

ਸੁਮਨਦੀਪ ਕੌਰ

## ਕਵਿਤਾ:- ਮੇਰੇ ਸੁਪਨੇ

ਮੇਰੇ ਸੁਪਨਿਆਂ ਦੇ ਵਿੱਚ ਆ ਜਾਂਦਾ
ਓ! ਠੰਢ ਕਾਲਜੇ ਪਾ ਜਾਂਦਾ

ਓਹਦੀਆਂ ਯਾਦਾਂ ਦੇ ਵਿੱਚ ਘੁੰਮਦੀ ਹਾਂ
ਓਹਦੇ ਪਿੰਡ ਦੇ ਰਾਹਾਂ ਨੂੰ ਚੁੰਮਦੀ ਹਾਂ,

ਓਹਦੀ ਯਾਦ ਸਮੁੰਦਰ ਵਰਗੀ ਏ
ਨਾ ਪਿਆਰ ਓਹਦੇ ਲਈ ਫਰਜ਼ੀ ਏ ,

ਓਹਦੀ ਯਾਦ ਚ' ਗਿਣਦੀ ਤਾਰੇ ਆ
ਸੱਚੀਂ ਇਸ਼ਕ ਦੇ ਅਜਬ ਨਜ਼ਾਰੇ ਆ,

ਉਹ ਖਾਸ ਤੇ ਮੈਂ ਆਮ ਜਿਹੀ
ਨਿੱਤ ਢਲਦੀ ਹੋਈ ਸ਼ਾਮ ਜਿਹੀ

ਚਾਨਣ ਤੋਂ ਜਾਂਦੀ ਲੁਕਦੀ ਹਾਂ

ਹਨੇਰਿਆਂ ਦੇ ਵਿੱਚ ਛੁਪਦੀ ਹਾਂ ,

ਮੇਰੀ ਰੂਹ ਤੇਰੀ| ਮੇਰਾ ਜਿਸਮ ਤੇਰਾ

ਹਰ ਸਾਂਹ ਨਾਲ ਆਉਂਦਾ ਜ਼ਿਕਰ ਤੇਰਾ ,

ਕੁੱਛ ਪੜ੍ਹਦੀ ਹਾਂ ਕੁੱਛ ਲਿਖਦੀ ਹਾਂ

ਮੈਂ ਵਿੱਚ ਸਿਵਿਆਂ ਦੇ ਸਿਕਦੀ ਹਾਂ ,

ਮੇਰੀ ਕਲਮ ਨੂੰ ਮਾੜਾ ਕਹਿੰਦੇ ਨੇ ,

ਹਰ ਪਲ ਦੂਰ ਜਿਹੇ ਰਹਿੰਦੇ ਨੇ ,

ਇੱਕ ਦਿਨ ਚੰਗਾ ਮੈਨੂੰ ਕਹਿਣਗੇ

ਮੇਰੇ ਸਾਵੇਂ ਆ ਕੇ ਬਹਿਣਗੇ ,

ਸੁਮਨਦੀਪ ਕੋਰ

**ਕਵਿਤਾ :-ਖੈਰ**

ਗੂੜ੍ਹੇ ਫਿੱਕੇ ਰੰਗਾਂ ਨੂੰ

ਆਪ ਹੀ ਰੰਗਿਆ ਏ ,

ਥੋੜ੍ਹਾ ਝੋਲੀ ਪਾ ਦੇ ਇਸ਼ਕ

ਤੈਥੋਂ ਖੈਰ ਚ' ਮੰਗਿਆ ਏ ,

ਪਿੰਡ ਵਿੱਚ ਪਲਿਆ ਮੁੰਡਾ

ਤੈਥੋਂ ਤਾਹੀਂ ਸੰਗਿਆ ਏ ,

ਗੂੜ੍ਹੇ ਫਿੱਕੇ ਰੰਗਾਂ ਨੂੰ

ਆਪ ਹੀ ਰੰਗਿਆ ਏ ,

ਥੋੜ੍ਹਾ ਝੋਲੀ ਪਾ ਦੇ ਇਸ਼ਕ

ਤੈਥੋਂ ਖੈਰ ਚ' ਮੰਗਿਆ ਏ ,

ਚੰਨ-ਤਾਰੇ ਤੋੜਨ ਦੀਆਂ ਗੱਲਾਂ ਕਰਕੇ

ਇਸ਼ਕ ਨੂੰ ਸਾਬਿਤ ਨਹੀਂ ਕਰਦਾ

ਚੈਟ-ਵੈਟ ਜਿਹੀ ਛੱਡ

ਮੁੰਡਾ ਖਤੋ-ਖਿਤਾਬਤ ਹੀ ਕਰਦਾ

ਵੇਖੀਂ ਚੜ੍ਹ ਚੁਬਾਰੇ

ਮੁੰਡਾ ਤੇਰੀ ਗਲੀ ਚੋਂ' ਲੰਘਿਆ ਏ

ਗੂੜ੍ਹੇ ਫਿੱਕੇ ਰੰਗਾਂ ਨੂੰ

ਆਪ ਹੀ ਰੰਗਿਆ ਏ ,

ਥੋੜ੍ਹਾ ਝੋਲੀ ਪਾ ਦੇ ਇਸ਼ਕ

ਤੈਥੋਂ ਖੈਰ ਚ' ਮੰਗਿਆ ਏ ,

ਤੇਰੀਆਂ ਸੋਚਾਂ ਵਿੱਚ ਭਰ ਜਾਂਦੇ

ਕਾਪੀ ਦੇ ਵਰਕੇ ਨੀਂ ,

ਖੌਰੇ ਕਦ ਜੰਞ ਆਉਗੀ

ਤੇਰੇ ਪਿੰਡ ਚੜ੍ਹਕੇ ਨੀਂ,

ਉਂਞ ਖ਼ਾਬਾਂ ਵਿੱਚ ਤਾਂ ਕਈ ਵਾਰੀ

ਹੱਥ ਤੇਰਾ ਮੰਗਿਆ ਏ ,

ਗੂੜ੍ਹੇ ਫਿੱਕੇ ਰੰਗਾਂ ਨੂੰ

ਆਪ ਹੀ ਰੰਗਿਆ ਏ ,

ਥੋੜ੍ਹਾ ਝੋਲੀ ਪਾ ਦੇ ਇਸ਼ਕ

ਤੈਥੋਂ ਖੈਰ ਚ' ਮੰਗਿਆ ਏ ,

ਸੱਜਣਾ ਬੜਾ ਫਰਕ ਲੱਗਦਾ

ਮੁਲਾਕਾਤ ਦੀਆਂ ਤਰੀਕਾਂ ਵਿੱਚ,

ਔਖਾ ਲਿਖਵਾਉਣਾ ਲੱਗਦਾ ਤੈਨੂੰ

ਹੱਥਾਂ ਦੀਆਂ ਲੀਕਾਂ ਵਿੱਚ ,

ਤੂੰ ਲੱਗੇ ਮੈਨੂੰ ਖੁਦਾ ਇਸ਼ਕ ਦਾ

ਜੋ ਮੇਰੇ ਕੋਲ ਦੀ ਲੰਘਿਆ ਏ ,

ਗੂੜ੍ਹੇ ਫਿੱਕੇ ਰੰਗਾਂ ਨੂੰ

ਆਪ ਹੀ ਰੰਗਿਆ ਏ ,

ਥੋੜ੍ਹਾ ਝੋਲੀ ਪਾ ਦੇ ਇਸ਼ਕ

ਤੈਥੋਂ ਖੈਰ ਚ' ਮੰਗਿਆ ਏ ,

ਮਨਪ੍ਰੀਤ ਸਿੱਧੂ

**ਕਵਿਤਾ :- ਵਾਸਤਾ**

ਨਾ ਗੱਲ ਕੀਤੀ ,ਨਾ ਬਾਤ ਕੀਤੀ

ਨਾ ਗਲਵਕੜੀ ਪਾਈ, ਨਾ ਮੁਲਾਕਾਤ ਕੀਤੀ,

ਤੂੰ ਸਭ ਆਸਾਂ ਤੇ ਪਾਣੀ ਪਾ ਤਾ

ਹੱਸਦਾ ਚਿਹਰਾ ਗ਼ਮਾਂ ਚ' ਪਾ ਤਾ

ਪਹਿਲਾਂ ਬੁਝਾਰਤਾਂ ਜਿਹੀਆਂ ਪਾਉਂਦੀ ਸੀ

ਵੇ ਮੈਂ ਦਿਲ ਤੋਂ ਤੈਨੂੰ ਚਾਹੁੰਦੀ ਸੀ ,

ਤੂੰ ਹੁਣ ਕਰਦਾ ਨਾ ਗੌਰ ਜ਼ਰਾ ਵੀ

ਪਾਗਲਾਂ ਵਾਂਗਰ ਪਿੱਛੇ ਤੇਰੇ ਆਉਂਦੀ ਸੀ ,

ਉਹ ਗੱਲਾਂ ਮੈਂ ਕਿੱਥੇ ਲੈਜਾਂ

ਇੱਕ ਵਾਰੀ ਤਾਂ ਕੋਲੇ ਬਹਿਜਾ ,

ਯਾਦ ਕਰ ਜਦ ਕਹਿੰਦੀ ਸੀ

ਮੈਂ ਤੇਰਾ ਪੁੱਤ ,ਮੈਂ ਤੇਰੀ ਲਾਡੋ ਵੇ
ਨਾ ਤੇਰੇ ਤੋਂ ਪਹਿਲਾਂ ਕੋਈ ਸੀ
ਨਾ ਹੀ ਤੇਰੇ ਬਾਝੋਂ ਵੇ ਵੇ ,

ਹਰ ਗੱਲ ਮੰਨੀ ਦਿਲ ਤੋਂ ਤੇਰੀ
ਤਾਹੀਂ ਹੁਣ ਪਛਤਾਉਂਦੀ ਹਾਂ
ਇੱਕ ਵਾਰ ਮੁੜ ਆ ਜਾ ਸੱਜਣਾ
ਤੈਨੂੰ ਖੜ੍ਹੀ ਵਾਸਤੇ ਪਾਉਂਦੀ ਹਾਂ ,

ਸੁਮਨਦੀਪ ਕੌਰ

## ਕਵਿਤਾ :- ਕਾਪੀ ਦੇ ਵਰਕੇ

ਇਹ ਅੱਖਰ ਵੀ ਲੱਗਦੇ ਆਪਣੇ-ਬੇਗਾਨੇ
ਕਾਪੀ ਦੇ ਵਰਕੇ ਵੀ ਮਾਰਦੇ ਤਾਹਨੇ
ਕਲਮ ਦੀ ਸਿਆਹੀ ਵੀ ਸੁੱਕਦੀ ਏ ਜਾਂਦੀ
ਨਬਜ਼ ਵੀ ਸ਼ਾਇਦ  ਰੁਕਦੀ ਏ ਜਾਂਦੀ ,
ਕਦੋ ਤੱਕ ਦੱਸ ਤੈਂ ਮੁੜ੍ਹਕੇ ਹੈ ਆਉਣਾ
ਯਾਦਾਂ ਚ' ਖਾਲੀ ਹੋ ਗਏ ਪੈਮਾਨੇ ,
ਇਹ ਅੱਖਰ ਵੀ ਲੱਗਦੇ ਆਪਣੇ-ਬੇਗਾਨੇ
ਕਾਪੀ ਦੇ ਵਰਕੇ ਵੀ ਮਾਰਦੇ ਤਾਹਨੇ

ਰੱਬ ਆਪਣਾ ਲਿਆ ਜਿਸਨੂੰ ਮੈਂ ਮੰਨ ਸੀ
ਗੁੰਮ ਹੋ ਗਿਆ ਕਿਧਰੇ ਤਾਰਿਆਂ ਚ' ਚੰਨ ਸੀ ,
ਨਿੱਤ ਤਾਰੇ ਵੀ ਕਰਦੇ ਟਿੱਚਰਾਂ ਮੈਨੂੰ

ਜਿਵੇਂ ਕਰਦੇ ਨੇ ਟਿੱਚਰਾਂ ਲੋਕ-ਜ਼ਮਾਨੇ ,

ਇਹ ਅੱਖਰ ਵੀ ਲੱਗਦੇ ਆਪਣੇ-ਬੇਗਾਨੇ

ਕਾਪੀ ਦੇ ਵਰਕੇ ਵੀ ਮਾਰਦੇ ਤਾਹਨੇ,

ਮਨਪ੍ਰੀਤ ਸਿੱਧੂ

ਮੌਤ ਆ ਜਾਵੇ ਤਾਂ ਕੋਈ ਫਰਕ ਨਹੀਂ ਪੈਂਦਾ

ਹਾਂ ਜੇ ਮੁਹੱਬਤ ਹੋਈ ਏ ,ਤਾਂ ਗੱਲ ਫਿਕਰ ਦੀ ਏ ,

ਮਨਪ੍ਰੀਤ ਸਿੱਧੂ

## **ਕਵਿਤਾ:- ਤੇਰੀ ਯਾਦ**

ਤੈਨੂੰ ਯਾਦ ਵੀ ਕਰਦੇ ਹਾਂ

ਤੇ ਰਹਿੰਦੇ ਮਰਦੇ ਹਾਂ ,

ਉਂਝ ਮੈਂ ਵੀ ਮਜਬੂਰ ਬੜੀ

ਤਾਹੀਂ ਤੇਰੇ ਤੋਂ ਦੂਰ ਬੜੀ ,

ਤੂੰ ਆਉਣਾ ਚਾਵੇਂ ਕੋਲ ਮੇਰੇ

ਇਰਾਦੇ ਲਗਦੇ ਗੋਲ  ਤੇਰੇ ,

ਮੈਂ ਹੀ ਗਲਤੀਆਂ ਕਰਦੀ ਹਾਂ

ਤੇਰੇ ਹਿਜ਼ਰ ਚ' ਰਹਿੰਦੀ ਸੜ੍ਹਦੀ ਹਾਂ ,

ਉਂਝ ਭੁੱਲ ਤੈਨੂੰ ਸਕਦੇ ਨਹੀਂ

ਪਰ ਪਿੱਛੇ ਮੁੜ੍ਹਕੇ ਤੱਕਦੇ ਨਹੀਂ ,

ਜਦ ਮੂਹਰੇ ਤੈਨੂੰ ਪਾ ਲਈਦਾ,

ਅਸੀਂ ਸੱਜਣਾ ਸਭ ਗਵਾ ਲਾਈਦਾ ,

ਸੁਮਨਦੀਪ ਕੌਰ

**<u>ਕਵਿਤਾ:- ਮੁਲਾਕਾਤ</u>**

ਜਿਸ ਦਿਨ ਤੇਰੀ-ਮੇਰੀ ਮੁਲਾਕਾਤ ਹੋਵੇਗੀ
ਆਪਣੀ ਕਿੰਨੀ ਗੱਲਬਾਤ ਹੋਵੇਗੀ,
ਜਦੋਂ ਤੂੰ ਬੈਠੀ ਹੋਵੇਂਗੀ ਅੱਖਾਂ ਸਾਵੇਂ
ਮੈਂ ਕੁੱਝ ਬੋਲ ਸਕੂੰਗਾ ,
ਜਾਂ ਆਪਣੇ ਵਿੱਚ ਚੁੱਪ ਹੀ
ਮੁਹੱਬਤ ਦਾ ਅਲਫਾਜ਼ ਹੋਵੇਗੀ ,
ਜਿਸ ਦਿਨ ਤੇਰੀ-ਮੇਰੀ ਮੁਲਾਕਾਤ ਹੋਵੇਗੀ
ਆਪਣੀ ਕਿੰਨੀ ਗੱਲਬਾਤ ਹੋਵੇਗੀ,

ਸ਼ਾਇਦ  ਤੂੰ ਬੋਲਦੀ ਰਹੇਂਗੀ
ਮੈਂ ਚੁੱਪ ਤੈਨੂੰ ਸੁਣਦਾ ਰਹਾਂਗਾ ,
ਤੇਰੇ ਚਿਹਰੇ ਤੇ ਨਜ਼ਰ ਟਿਕ ਜਾਣੀ
ਮੈਂ ਕਿੰਨੇ ਖਾਬ ਬੁਣਦਾ ਰਹਾਂਗਾ ,

ਮੈਂ ਕੋਸ਼ਿਸ਼ ਕਰਾਂਗਾ ਕਿ ਵਕਤ ਨੂੰ ਰੋਕ ਲਵਾਂ
ਪਰ ਮੇਰੀ ਕਿੱਥੇ ਏਨੀ ਔਕਾਤ ਹੋਵੇਗੀ
ਜਿਸ ਦਿਨ ਤੇਰੀ-ਮੇਰੀ ਮੁਲਾਕਾਤ ਹੋਵੇਗੀ
ਆਪਣੀ ਕਿੰਨੀ ਗੱਲਬਾਤ ਹੋਵੇਗੀ,

ਮੇਰੀ ਖਾਮੋਸ਼ੀ ਤੋੜਨ ਲਈ
ਤੂੰ ਸਵਾਲ ਪੁੱਛਣਾ ,
ਸ਼ਾਇਦ ਆਨੀ-ਬਹਾਨੀ ਤੂੰ
ਮੇਰੇ ਦਿਲ ਦਾ ਹਾਲ ਪੁੱਛਣਾ ,
ਮੈਂ ਕੁੱਝ ਕਹੂੰਗਾ ਤਾਂ ਸ਼ਾਇਦ
ਮੁਹੱਬਤ ਦੀ ਸ਼ੁਰੂਆਤ ਹੋਵੇਗੀ
ਜਿਸ ਦਿਨ ਤੇਰੀ-ਮੇਰੀ ਮੁਲਾਕਾਤ ਹੋਵੇਗੀ
ਆਪਣੀ ਕਿੰਨੀ ਗੱਲਬਾਤ ਹੋਵੇਗੀ?

ਮੈਂ ਕੁੱਝ ਬੋਲਣ ਤੋਂ ਪਹਿਲਾਂ ਸਹਿਮ ਜਾਊਂ

ਕਿਤੇ ਤੂੰ ਨਾਰਾਜ਼ ਨਾ ਹੋ ਜਾਵੇਂ

ਕਹਾਣੀ ਇਸ਼ਕ ਦੀ ਚੱਲਣ ਤੋਂ ਪਹਿਲਾਂ ਨਾ

ਨਫਰਤ ਦਾ ਆਗਾਜ਼ ਹੋ ਜਾਵੇ ,

ਸ਼ਾਇਦ  ਇਹ ਹੈ ਮੇਰੀ ਕਲਪਨਾ ਦਾ ਹਿੱਸਾ

ਕਿ ਆਪਣੀ ਕਦੇ ਗੱਲਬਾਤ ਹੋਵੇਗੀ ,

ਦਿਲ ਜਾਣਦਾ ਏ ਸੱਚ ਨੂੰ

ਆਪਣੀ ਕਦੇ ਵੀ ਨਾ ਮੁਲਾਕਾਤ ਹੋਵੇਗੀ

ਜਿਸ ਦਿਨ ਤੇਰੀ-ਮੇਰੀ ਮੁਲਾਕਾਤ ਹੋਵੇਗੀ

ਆਪਣੀ ਕਿੰਨੀ ਗੱਲਬਾਤ ਹੋਵੇਗੀ?

ਮਨਪ੍ਰੀਤ ਸਿੱਧੂ

## <u>ਕਵਿਤਾ:- ਕੁਦਰਤ ਰੱਬ ਦੀ</u>

ਸੁਣ ਮੇਰੀ ਮੈਂ ਦਸਾਂ ਤੈਨੂੰ
ਇਸ ਕੁਦਰਤ ਨੇ ਹੈ ਮੋਹਿਆ ਮੈਨੂੰ
ਹਰ ਪਾਸੇ ਹਰਿਆਵਲ ਸੋਹਣੀ
ਹਰ ਕਣ ਨੇ ਵਡਿਆਈ ਗਾਉਣੀ
ਵਗਦੇ ਪਾਣੀ ਇੱਕ ਗੱਲ ਦੱਸਦੇ
ਮੰਜ਼ਿਲ ਦੇ ਵੱਲ ਜਾਓ ਨੱਸਦੇ
ਰੱਬ ਨੇ ਇਹ ਜੋ ਸੰਸਾਰ ਹੈ ਰਚਿਆ
ਕੁੱਝ ਬੂੰਦਾਂ ਵਿੱਚ ਸਾਗਰ ਵਸਿਆ
ਮੈਨੂੰ ਮਾਂ ਦਾ ਪਿਆਰ ਬਖਸ਼ਿਆ
ਇਨ੍ਹਾਂ ਸੋਹਣਾ ਸੰਸਾਰ ਬਖਸ਼ਿਆ |

ਸੁਮਨਦੀਪ ਕੌਰ

## <u>ਕਵਿਤਾ:- ਦਰੱਖਤਾਂ ਨੂੰ</u>

ਖੰਭੇ ਤੇ ਬੈਠੀਆਂ ਚਿੜੀਆਂ ਨੇ ਕਿਹਾ ,

ਵੇ ਮਨੁੱਖਾ ਬਚਾ ਲੈ ਦਰੱਖਤਾਂ ਨੂੰ ,

ਨੰਗੀਆਂ ਏ ਤਾਰਾਂ ਤੇ ਆਲ੍ਹਣੇ ਨੀ ਪੈਂਦੇ

ਸਾਡੇ ਲਈ ਹੀ ਬਚਾ ਲੈ ਦਰੱਖਤਾਂ ਨੂੰ ,

ਇਹ ਰੁੱਖਾਂ ਨੇ ਤੈਨੂੰ ਸਾਹਾਂ ਨੇ ਵੰਡੀਆਂ

ਕੜ੍ਹਕਦੀਆਂ ਧੁੱਪਾਂ ਚ' ਛਾਵਾਂ ਨੇ ਵੰਡੀਆਂ ,

ਹੱਥੋਂ ਇਹ ਨਿਕਲਿਆ ਮੁੜ ਨਹੀਓਂ ਆਉਣਾ

ਲੱਖ ਵਾਸਤੇ ਤੂੰ ਪਾ ਲੈ ਵਖਤਾਂ ਨੂੰ ,

ਖੰਭੇ ਤੇ ਬੈਠੀਆਂ ਚਿੜੀਆਂ ਨੇ ਕਿਹਾ ,

ਵੇ ਮਨੁੱਖਾ ਬਚਾ ਲੈ ਦਰੱਖਤਾਂ ਨੂੰ ,

ਤੇਰੇ ਸਾਹ ਚੱਲ ਜਾਣ ਸਿਲੰਡਰਾਂ ਦੇ ਉੱਤੇ

ਸਾਨੂੰ ਤਾਂ ਸਾਹਾਂ ਇਹੀ ਨੇ ਦਿੰਦੇ ,

ਆਸੇ -ਪਾਸੇ ਵੇਖ ਕਿੰਨੇ ਕੁ ਰਹਿ ਗਏ

ਕਿੰਨੇ ਹੀ ਹੁੰਦੇ ਸੀ ਇਥੇ ਪਰਿੰਦੇ ,

ਵੱਢੀ ਹੋਈ ਟਾਹਲੀ ਦੇ ਖਿਲਰੇ ਹੋਏ ਪੱਤੇ
ਦੇਣ ਦੁਹਾਈਆਂ ਏ.ਸੀ  ਚ' ਮਸਤਾਂ ਨੂੰ
ਖੰਭੇ ਤੇ ਬੈਠੀਆਂ ਚਿੜੀਆਂ ਨੇ ਕਿਹਾ ,
ਵੇ ਮਨੁੱਖਾ ਬਚਾ ਲੈ ਦਰੱਖਤਾਂ ਨੂੰ ,

ਤੇਰੀ ਫੈਕਟਰੀ ਦੇ ਧੂਏਂ ਵਿੱਚ
ਮੇਰਾ ਦਮ ਵੀ ਏ ਘੁਟਦਾ
ਮਤਲਬੀ ਤੂੰ  ਜੀਹਦੇ ਸਿਰ ਜਿਉਂਦਾ
ਓਸੇ ਨੂੰ ਹੀ ਲੁੱਟਦਾ
ਇੱਟਾਂ ਦੇ ਬਣੇ ਮਹੱਲ ਚ' ਬੈਠਾ
'ਪ੍ਰੀਤ' ਲਿਖਦਾ ਏਂ ਬਚਾਲੋ ਦਰੱਖਤਾਂ ਨੂੰ ?
ਖੰਭੇ ਤੇ ਬੈਠੀਆਂ ਚਿੜੀਆਂ ਨੇ ਕਿਹਾ ,
ਵੇ ਮਨੁੱਖਾ ਬਚਾ ਲੈ ਦਰੱਖਤਾਂ ਨੂੰ ,
ਨੰਗੀਆਂ ਏ ਤਾਰਾਂ ਤੇ  ਆਲ੍ਹਣੇ ਨੀ ਪੈਂਦੇ
ਸਾਡੇ ਲਈ ਹੀ ਬਚਾ ਲੈ ਦਰੱਖਤਾਂ ਨੂੰ ,

ਮਨਪ੍ਰੀਤ ਸਿੱਧੂ

**<u>ਅੱਖਰ-ਸਾਂਝ</u>**

ਲੱਖ ਵੰਡ ਲਿਆ ਰੱਬ ਅਸਾਂ

ਪਰ ਅੱਖਰ ਵੰਡ ਨਾ ਹੋਏ|

ਦਿੱਤੇ ਤਸੀਹੇ ਇੱਕ-ਦੂਜੇ ਨੂੰ

ਕੌੜੇ ਬੋਲ ਖੰਡ ਨਾ ਹੋਏ

ਮੈਂ ਲੱਖ ਵਾਰ ਲਿਖਿਆ ਕੁਦਰਤ ਹੀ ਰੱਬ ਹੈ

ਪਰ ਇਹ ਲੋਕ ਮੰਨ ਨਾ ਹੋਏ ,

ਇਹ ਕਲਜੁਗ ਹੈ ਦਿਲਾ ਤੇਰੀ ਨਾ ਸੁਣਨੀ ਕਿਸੇ

ਇਥੇ ਤਾਂ ਆਪਣੇ ਹੀ ਆਪਣੇ ਨਾ ਹੋਏ ,

ਬਸ ਲਿਖਿਆ ਕਰ ਨਾ ਐਵੇਂ ਸਿਕਿਆ ਕਰ

ਆਪਣੇ ਰਸਤੇ ਚਲ ਲੋਏ –ਲੋਏ,

ਪਰ ਹਿੰਦੂ ਮੰਦਿਰ ਨੂੰ ,ਮੁਸਲਿਮ ਮਸਜਿਦ ਨੂੰ

ਹਰ ਕੋਈ ਆਪਣੇ ਧਰਮ ਨੂੰ ਰੋਏ,

ਹਾਂ! ਇਹਨਾਂ ਦੀ ਲੜਾਈ ਨੇ

ਕਿੰਨੀਆਂ ਮਾਵਾਂ ਦੇ ਪੁੱਤ ਖੋਏ,

ਹਾਏ ! ਪਾਗਲ ਪ੍ਰੀਤ ਨਿਮਾਣਾ

ਅਸਲੀ ਰੱਬ ਲੱਭਣ ਲਈ ਮੋਏ ,

ਰੱਬ ਤਾਂ ਤੇਰੇ ਅੰਦਰ ਵਸਦਾ

ਤੂੰ ਕਿੱਥੇ ਜਾਨਾਂ ਖੋਏ,

ਰੱਬ ਵਸਦਾ ਤੇਰੀ  ਕਲਮ ਅੰਦਰ

ਜੋ ਤੇਰੇ ਗੁਨਾਹਾਂ ਦੇ ਵੀ ਅੱਖਰ  ਪਰੋਏ

ਪਰ ਕਲਮ ਚਲਾਉਣ ਤੇ ਬੰਦਿਸ਼ਾਂ ਲੱਗ ਜਾਵਣ

ਜਿਵੇਂ ਮੈਥੋਂ ਪਹਿਲਾਂ ਪਾਸ਼ ਤੇ ਮੰਟੋ ਹੋਏ,

ਸਮਝ ਸਕਦੀ ਹਾਂ ਮੈਂ ਉਮਰ ਨਿਆਣੀ ,ਰੋਗ ਅਵੱਲਾ
ਕੋਈ ਹਾਣੀ ਵੀ ਨਾ ਨਾਲ ਖਲੋਏ ,

ਹਾਣੀ ਵੀ ਆ ਜਾਵਣ ਨਾਲ
ਅੱਖਰ ਹੋਵਣ ਮੁਹੱਬਤ ਵਿੱਚ ਪਰੋਏ,
ਪਰ ਇਹ ਹਾਣੀ ਵੈਰੀ ਬਣ ਜਾਵਣ
ਜਦ ਗੱਲ ਧਰਮ ਦੀ ਹੋਏ,

ਧਰਮ ਧਰਮ ਤਾਂ ਹਰ ਕੋਈ ਕਰਦਾ
ਧਰਮ ਕਿਸੇ ਨੂੰ ਬਰਬਾਦ ਨਾਂ ਕਰਦਾ
ਪਰ ਉਹ ਹਾਣੀ ਹੀ ਕੀ ਸੱਜਣਾ
ਜੋ ਸਿਰਫ ਮੁਹੱਬਤ ਵਿੱਚ ਨਾਲ ਖਲੋਏ,

ਸ਼ਾਇਦ  ਹਾਣੀ ਲੱਭ ਗਿਆ ਮੈਨੂੰ

ਜਿਹੜਾ ਸਮਝਦਾ ਲਿਖਿਆਂ ਅੱਖਰਾਂ ਨੂੰ ,

ਜੇ ਇੱਕ ਹੋ ਜਾਵਣ ਸੱਚੇ ਲਿਖਾਰੀ

ਪਾੜ ਦੇਣਗੇ ਝੂਠ ਦੇ ਪੱਥਰਾਂ ਨੂੰ ,

ਪਰ ਪਤਾ ਨਹੀਂ ਕਿੱਥੇ ਲੁਕੇ ਵਿਚਾਰ ਸਾਡੇ

ਕਿਓਂ ਜੋੜ ਨਹੀਂ ਸਕਦੇ ਸਤਰਾਂ ਨੂੰ,

ਸੁਣਿਆ ਸੀ ਲਿਖਾਰੀ ਖੁਸ਼ਦਿਲ ਹੁੰਦੇ

ਕੋਈ ਫਰਕ ਨਹੀਂ ਪੈਂਦਾ ਇਹਨਾਂ ਫ਼ਕਰਾਂ ਨੂੰ,

ਔਖੀ ਮਿਲਦੀ ਫ਼ਕੀਰੀ

ਜਿਵੇਂ ਹੁੰਦੀ ਪੀਰੀ-ਮੀਰੀ

ਜੰਗ ਵੱਡੀ ਚੱਲੂ ਇਸਦੇ ਖਿਲਾਫ

ਤੁਸੀ ਦੇਖ ਲੈਣਾ ਜੰਗ ਉਹ ਹੋਵੇਗੀ ਆਖ਼ਿਰੀ |

ਸੁਮਨਦੀਪ ਕੌਰ , ਮਨਪ੍ਰੀਤ ਸਿੱਧੂ

------------ ♥ -----------------

ਲੇਖਕ ਅਤੇ ਲੇਖਿਕਾ ਵਲੋਂ :-

ਸਾਡੇ ਦੋਵਾਂ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ| ਉਮੀਦ ਕਰਦੇ ਹਾਂ ਆਪ ਜੀ ਨੂੰ ਸਾਡੀਆਂ ਲਿਖਤਾਂ ਪਸੰਦ ਆਈਆਂ ਹੋਣਗੀਆਂ | ਇਸ ਵਿੱਚ ਕਮੀਆਂ/ਪੇਸ਼ੀਆਂ ਲਈ ਆਪ ਜੀ ਤੋਂ ਮਾਫ਼ੀ ਚਾਵਾਂਗੇ |

ਤੁਸੀ ਇਸ ਕਿਤਾਬ ਬਾਬਤ ਆਪਣੇ ਵਿਚਾਰ /ਸੁਝਾਅ ਸਾਨੂੰ ਸਾਡੇ ਵਟਸਐਪ ਨੰਬਰ ਅਤੇ ਇੰਸਟਾਗ੍ਰਾਮ ਤੇ ਦੇ ਸਕਦੇ ਹੋ ਜੀ |

ਤੁਹਾਡੇ ਵਲੋਂ ਦਿੱਤੇ ਸੁਝਾਅ ਸਾਨੂੰ ਸਾਡੀਆਂ ਲਿਖਤਾਂ ਵਿੱਚ ਸੁਧਾਰ ਕਰਨ ਵਿੱਚ ਮੱਦਦ ਕਰਨਗੇ ਜੀ |

ਅੱਖਰ-ਸਾਂਝ ਦੇ ਇਸ ਸਫਰ ਵਿੱਚ ਸਾਡੇ ਸਾਥੀ ਬਣਨ ਲਈ ਆਪ ਜੀ ਦਾ ਧੰਨਵਾਦ ਜੀ |

ਮਨਪ੍ਰੀਤ ਸਿੱਧੂ

ਵਟਸਐਪ ਨੰਬਰ:-62809-81326

Insta:- m_preet_sidhu

Gmail:- mpreetsidhu906@gmail.com

ਸੁਮਨਦੀਪ ਕੌਰ

Insta:- kaur_writer01

Gmail :- sumanhans9905@gmail.com